# ਰੇਡੀਓ ਲਵੀਵਾਰ - ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

# ਕੜੀ-34, ਕਰੋ ਕੱਲ੍ਹ ਦੀ ਫ਼ਿਕਰ

# ( LET'S NURTURE OUR FUTURE)

## ਖੋਜ ਤੇ ਲੇਖਣ ਡਾ.ਅਰਵਿੰਦ ਦੁਬੇ

## ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

## ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

( In this episode we have discussed that nature has given us lot of things for which we should be indebted to her. A question mark has been put on this and the focus is are we really? Discussed the things Mother Nature has given us like air, water, land, vegetation, minerals etc. the rivers, lakes all flora and fauna are made for us . But it is again a question as to how we are using them? Are we behaving responsibly and conservatively? Are we not extravagant in using these gifts of nature? If this practice of ours continues, then what will happen? A day will come when these resources will no longer be with us. Think for a while what type of planet we will hand over to our new generations? So think and act from today. Reduce ourneeds and try living with nature. Use its resources in such a way…give enoughtime to mother nature so that it can regenerate and recuperate. All these issues are in the form of a dialogue.)

( ਇਸ ਕੜੀ ਵਿੱਚ ਚਰਚਾ ਹੈ ਕਿ ਕੁਦਰਤ ਨੇ ਸਾਨੂੰ ਕਿੰਨਾ ਕੁਝ ਦਿੱਤਾ ਹੈ।ਇਨ੍ਹਾਂ ਦਾਤਾਂ ਵਾਸਤੇ ਸਾਨੂੰ ਕੁਦਰਤ ਦੇ ਧਨਵਾਦੀ ਹੋਣਾ ਚਾਹੀ ਦਾ ਹੈ , ਪ੍ਰਸ਼ਨ ਉਠਾਇਆ ਗਿਆ ਹੈ ਕਿ ਕੀ ਅਸੀਂ ਸੱਚ ਮੁੱਚ ਧਨਵਾਦੀ ਹਾਂ ? ਹਵਾ, ਪਾਣੀ, ਜੰਗਲ, ਪਹਾੜ, ਬਨਸਪਤੀਆਂ, ਖਣਿਜ, ਇਹ ਨਦੀਆਂ, ਇਹ ਝੀਲਾਂ, ਪੇੜ -ਪੌਦੇ ਤੇ ਜੀਵ - ਜੰਤੂ , ਸਾਰੇ ਦੇ ਸਾਰੇ ਕੁਦਰਤ ਦੀਆਂ ਹੀ ਤਾਂ ਨੇ ਸੁਗਾਤਾਂ ਸਾਡੇ ਲਈ... ਸਾਡੇ ਹੀ ਤਾਂ ਨੇ...... ਪਰ, ਫਿਰ ਪ੍ਰਸ਼ਨ ਉਠਾਇਆ ਗਿਆ ਹੈ ਕਿ ਅਸੀਂ ਇਨ੍ਹਾਂ ਦੀ ਵਰਤੋਂ ਕਿਵੇਂ ਕਰ ਰਹੇ ਹਾਂ ! ਕੀ ਅਸੀਂ ਇਨ੍ਹਾਂ ਦੇ ਨਾਲ ਜਿੰਮੇਵਾਰੀ ਅਤੇ ਸੁਰੱਖਿਅਣ ਦੀ ਭਾਵਨਾ ਨਾਲ ਪੇਸ਼ ਆ ਰਹੇ ਹਾਂ ? ਕੀ ਅਸੀਂ ਕੁਦਰਤ ਦੀਆਂ ਇਨ੍ਹਾਂ ਸੁਗਾਤਾਂ ਦੀ ਵਰਤੋਂ ਕਰਦੇ ਹੋਏ ਇਨ੍ਹਾਂ ਨੂੰ ਫਜੂਲ ਜਾਇਆ ਤਾਂ ਨਹੀਂ ਕਰ ਰਹੇ ?... ਸੋਚੋ ਇਕ ਮਿੰਟ ਰੁਕ ਕੇ ਸੋਚੋ.... ਜੇਕਰ ਸਾਡੇ ਅਮਲ ਤੇ ਗਤੀਵਿਧੀਆਂ ਇਸੇ ਤਰ੍ਹਾਂ ਚਲਦੇ ਰਹੇ ਤਾਂ ਕੀ ਭਾਣਾ ਵਾਪਰੇਗਾ ? ਇੱਕ ਦਿਨ ਅਜਿਹਾ ਆਵੇਗਾ ਜਦ ਇਹ ਸੰਸਾਧਨ ਤੇ ਸ੍ਰੋਤ ਮੁੱਕ ਜਾਣਗੇ ਤੇ ਸਾਡੇ ਕੋਲ ਵਰਤੋਂ ਲਈ ਇਹ ਨਹੀਂ ਹੋਣਗੇ ! ਅੱਗੇ ਪ੍ਰਸ਼ਨ ਉਠਾਇਆ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਹੋ ਜਿਹਾ ਧਰਤ ਗ੍ਰਹਿ ਸੌਂਪਾਂਗੇ ?ਹੋਕਾ ਦਿੱਤਾ ਹੈ ਸੋਚਨ ਦਾ ! ਅੱਜ ਤੋਂ ਹੀ ਸੋਚੋ ਹੁਣੇ ਤੋਂ ਹੀ ਸੋਚੋ ਤੇ ਅਮਲ ਕਰੋ ! ਆਪਣੀਆਂ ਲੋੜਾਂ ਘਟਾਓ ! ਕੁਦਰਤ ਨਾਲ ਇਕਸੁਰਤਾ ਨਾਲ ਜਿਉਣ ਦੀ ਕੋਸ਼ਿਸ਼ ਕਰੋ ! ਇਨ੍ਹਾਂ ਸ੍ਰੋਤਾਂ ਦੀ ਵਰਤੋਂ ਇਸ ਤਰ੍ਹਾਂ ਕਰੋ... ਮਾਂ ਕਦਰਤ ਨੂੰ ਐਨਾ ਕੁ ਵਕਤ ਜਰੂਰ ਦਿਓ ਕਿ ਉਹ ਇਹਨਾਂ ਨੂੰ ਪੁਨਰ ਸੁਰਜੀਤ ਕਰਕੇ ਇਨ੍ਹਾਂ ਦੀ ਭਰਪਾਈ ਕਰ ਸਕੇ ! ਇਹ ਸਾਰੇ ਨੇ ਮੁੱਦੇ ਜੋ ਉਠਾਏ ਗਏ ਨੇ ਇਸ ਵਾਰਤਾਲਾਪੀ ਪੇਸ਼ਕਾਰੀ ਦੇ ਵਿੱਚ ! )

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਮੇਘਾ: ਬੀ ਐਸਸੀ ਦੀ ਵਿਦਿਆਰਥਣ

ਵਰਿੰਦਰ: ਦਸਵੀਂ ਦਾ ਵਿਦਿਆਰਥੀ

ਸੁਨੀਲ: ਮੇਘਾ ਤੇ ਵਰਿੰਦਰ ਦੇ ਪਿਤਾ , ਕਾਲਜ ਵਿੱਚ ਪ੍ਰੋਫੈਸਰ

ਸੁਨੀਤਾ: ਮੇਘਾ ਤੇ ਵਰਿੰਦਰ ਦੀ ਮਾਂ , ਕਾਲਜ ਵਿੱਚ ਪ੍ਰੋਫੈਸਰ

ਡਾ. ਮਹੇਸ਼: ਮੇਘਾ ਤੇ ਵਰਿੰਦਰ ਦਾ ਮਾਮਾ , ਡਾਕਟਰ

ਰਾਮ ਸਿੰਘ: ਇੱਕ ਸਮਾਜ ਸੇਵੀ ਜਥੇਬੰਦੀ ਦਾ ਮੁਖੀ

## ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਤੇਤੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ਤੇ ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ ਨੂੰ ਲੈਕੇ ! ਕਹਾਣੀ ਹੈ ਸਾਡੇ ਕੁਦਰਤੀ ਸ੍ਰੋਤਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਬਚਾ ਕੇ ਰੱਖਣ ਦੀ ਤੇ ਸੰਜਮ ਨਾਲ ਵਰਤੋਂ ਕਰਨ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 34ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਲੋੜ ਹੈ ਖਨਨ ਪ੍ਰਕਿਰਿਆ ਨੂੰ ਟਿਕਾਊ ਬਣਾਉਣ ਦੀ !

**ਔਰਤ ਸੂਤਰਧਾਰ:**ਕਹਾਣੀ ਸੀ ਧਨਬਾਦ ਦੀਆਂ ਕੋਲੇ ਦੀਆਂ ਖਾਨਾਂ ਦੀ ਕਿ ਕਿਵੇਂ ਧਰਤੀ ਦੇ ਹੇਠਾਂ ਕੰਮ ਕਰਦੇ ਨੇ ਖਾਨ ਮਜਦੂਰ ਖਤਰਿਆਂ ਨੂੰ ਮੁੱਲ ਲੈਕੇ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿੰਨੇ ਨਿਕਲਦੇ ਨੇ ਪਦਾਰਥ ਧਰਤੀ ਦੀ ਹਿੱਕ ਨੂੰ ਚੀਰ ਕੇ ! ਕੋਲਾ , ਲੋਹਾ, ਤਾਂਬਾ, ਐਲੂਮੀਨੀਅਮ , ਅਬਰਕ, ਬਕਸਾਈਟ, ਸਿੱਕਾ, ਜਿਸਤ, ਸੋਨਾ, ਚਾਂਦੀ, ਹੀਰੇ ਜਵਾਹਾਰਾਤ ! ਕਿਵੇਂ ਹੈ ਖਨਨ ਮੌਤ ਦਾ ਟੋਆ ! ਕਿਵੇਂ ਜਾਂਦੇ ਨੇ ਖਾਨ ਮਜਦੂਰ ਮੌਤ ਦੇ ਮੂੰਹ ਹਰ ਰੋਜ!

**ਔਰਤ ਸੂਤਰਧਾਰ:** ਸੁਣਾਈ ਸੀ ਗੱਲ ਕਿ ਕਿਵੇਂ ਭਾਰਤ ਦੀਆਂ ਕਰੀਬ 3000 ਛੋਟੀਆਂ ਵੱਡੀਆਂ ਕਾਨਾਂ 'ਚੋਂ ਨਿੱਕਲਦੇ 89

ਖਣਿਜ ਕਰਦੇ ਨੇ ਪੂਰਤੀ ਸਾਡੀਆਂ ਰੋਜਨਾ ਲੋੜਾਂ ਦੀ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਇਹ ਖਣਿਜ ਨੇ ਹਿੱਸੇਦਾਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ, ਬਣਦੇ ਨੇ ਸਾਧਨ ਰੁਜਗਾਰ ਤੇ ਸਰਕਾਰੀ ਆਮਦਨ ਦਾ ਵੀ ! ਕੀਤੀ ਸੀ ਚਰਚਾ ਪੰਜਾਬ ਵਿੱਚ ਹੁੰਦੇ ਖਨਨ ਦੀ, ਰੇਤ ਬਜਰੀ ਮਾਫੀਆ ਦੀ !

**ਔਰਤ ਸੂਤਰਧਾਰ:** ਸੁਣਾਇਆ ਸੀ ਬ੍ਰਿਤਾਂਤ ਖਨਨ ਵਿੱਚ ਬੇਤਹਾਸਾ ਪਾਣੀ ਦੀ ਵਰਤੋਂ ਦਾ ਤੇ ਪਾਣੀ ਦੀ ਥੁੜ ਦਾ ਇਨ੍ਹਾਂ ਇਲਾਕਿਆਂ ਵਿੱਚ! ਖਨਨ ਕਰ ਦਿੰਦਾ ਹੈ ਤਬਾਹ ਵਾਤਾਵਰਣੀ ਪ੍ਰਣਾਲੀ ਨੂੰ ਵੀ ਤੇ ਨੀਚੇ ਜਾਂਦੇ ਪਾਣੀ ਦੀ ਗੁਣਵਤਾ ਨੂੰ ਵੀ !

**ਮਰਦ ਸੂਤਰਧਾਰ:** ਹੋਈ ਸੀ ਗੱਲ ਖਨਨ ਦੌਰਾਨ ਪਾਣੀ ਸੁਰੱਖਿਅਣ ਦੀਆਂ ਚੱਲਦੀਆਂ ਮੁਹਿੰਮਾਂ ਦੀ, ਟਿਕਾਊ ਖਨਨ ਦੀ, ਊਰਜਾ ਤੇ ਪਥਰਾਹਟੀ ਬਾਲਣਾਂ ਦੀ ਖਪਤ ਘਟਾ ਕੇ ਹਰਿਤ ਘਰ ਗੈਸਾਂ ਦੇ ਉਤਸਰਜਨ ਨੂੰ ਘਟਾਉਣ ਦੀ !

**ਔਰਤ ਸੂਤਰਧਾਰ:** ਦੱਸਿਆ ਸੀ ਕਿ ਪਾਣੀ ਦੇ ਦਬਾਅ ਨਾਲ ਪਹਾੜਾਂ ਨੂੰ ਤੋੜ ਕੇ ਹੁੰਦੇ ਖਤਰਨਾਕ ਖਨਨ ਨੂੰ ਕਰ ਦਿੱਤਾ ਹੈ ਗੈਰ ਕਾਨੂੰਨੀ ਘੋਸ਼ਿਤ! ਕਿਉਂ ਜੋ ਫੈਲਾਉਂਦਾ ਹੈ ਪ੍ਰਦੂਸ਼ਣ ਇਹ !

**ਮਰਦ ਸੂਤਰਧਾਰ:**ਸੁਣਿਆ ਸੀ ਬ੍ਰਿਤਾਂਤ ਖਨਨ ਨਾਲ ਹੁੰਦੀ ਜ਼ਮੀਨ ਤੇ ਜੰਗਲਾਂ ਦੀ ਬਰਬਾਦੀ ਦਾ! ਡਾਇਨਾਮਾਈਟ ਨਾਲ ਸਖਤ ਚਟਾਨਾਂ ਨੂੰ ਤੋੜ ਕੇ ਖਨਨ ਬਣਦਾ ਹੈ ਪ੍ਰਦੂਸ਼ਣ ਤੇ ਦੁਰਘਟਨਾਵਾਂ ਦਾ ਕਾਰਨ ! ਰੋਕ ਵਾਸਤੇ ਚੱਲ ਰਹੀ ਹੈ ਜੈਵ-ਖਨਨ 'ਤੇ ਖੋਜ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਕੁਦਰਤੀ ਸੰਸਾਧਨਾਂ ਦੇ ਬਚਾਓ ਦੀ, ਸੋਚ ਸਮਝ ਕੇ ਇਨ੍ਹਾਂ ਨੂੰ ਵਰਤਨ ਦੀ ਤਾਕਿ ਮਿਲ ਸਕੇ ਅਾਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਉਨ੍ਹਾਂ ਦਾ ਹਿੱਸਾ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ -"**ਚਲਦੀ ਰਹੇ ਇਹ ਜਿੰਦਗੀ**" ਦੀ 34ਵੀਂ ਕੜੀ, "**ਕਰੋ ਕੱਲ੍ਹ ਦੀ ਫ਼ਿਕਰ**" ! ਸੁਣੋ ! ਸੁਣੋ ! ਸੁਣੋ! ਬ੍ਰਿਤੀਆਂ ਕਰਕੇ ਇਕਾਗਰ ਗੱਲਾਂ ਨੇ ਇਹ ਕੰਮ ਦੀਆਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ ……………………………ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਪਹਿਲਾ**

**ਸਥਾਨ: ਹਸਪਤਾਲ ਵਿਚ ਡਾ. ਮਹੇਸ਼ ਬਾਧਵਾ ਦਾ ਕਮਰਾ।**

**(ਡਾ. ਮਹੇਸ਼ ਬਾਧਵਾ ਆਪਣੇ ਕਮਰੇ ਵਿਚ ਬੈਠੇ ਮਰੀਜ਼ ਦੇਖ ਰਹੇ ਹਨ।)**

**ਡਾ. ਮਹੇਸ਼:** ਦਵਾਈ ਲਿਖ ਦਿੱਤੀ। ਫਾਰਮੇਸੀ 'ਤੇ ਮਿਲ ਜਾਏਗੀ.... ਤਿੰਨ ਦਿਨ ਦਵਾਈ ਖਾ ਕੇ ਦੱਸਿਓ.... ਅਗਲਾ…!

**(ਘੰਟੀ ਦੀ ਆਵਾਜ਼)**

**ਵਰਿੰਦਰ, ਮੇਘਾ:** (ਇਕੱਠੇ) ਮਾਮਾ ਜੀ! ਨਮਸਤੇ !

**ਡਾ.ਮਹੇਸ਼:** ਆਉ… ! ਦੀਦੀ ਤੇ ਜੀਜਾ ਜੀ ਕਿੱਥੇ ਨੇ ?

**ਸੁਨੀਤਾ ਅਤੇ ਸੁਨੀਲ:** (ਇਕੱਠੇ) ਆ ਗਏ , ਅਸੀਂ ਵੀ !

**ਡਾ.ਮਹੇਸ਼:** ਆਉ.... ਦੀਦੀ ਨਮਸਤੇ! ਜੀਜਾ ਜੀ ਨਮਸਤੇ! ਅੱਜ ਮੈਂ ਰਾਮ ਸਿੰਘ ਜੀ ਨੂੰ ਬੁਲਾਇਆ ਹੈ ਉਹ ਪੰਜਾਬ ਤੋਂ ਆਕੇ ਬਹੁਤ ਦੇਰ ਤੋਂ ਇਥੇ ਹੀ ਵਸੇ ਹੋਏ ਹਨ ।

**ਇਕ ਪੁਰਸ਼ ਦੀ ਆਵਾਜ਼:** ਨਮਸਤੇ!

**ਡਾ. ਮਹੇਸ਼:** ਨਮਸਤੇ! ਇਹ ਨੇ ਰਾਮ ਸਿੰਘ 'ਕੁਦਰਤ' ਨਾਮੀ ਸਵੈ-ਸੇਵੀ ਸੰਗਠਨ ਦੇ ਸੰਚਾਲਕ ! ਇਹ ਸੰਗਠਨ ਵਾਤਾਵਰਣ ਸੁਰੱਖਿਅਣ ਵਿਚ ਲੱਗਾ ਹੈ...! ਇੱਥੋਂ ਦੀ ਹਕੀਕਤ ਬਾਬਤ ਕਰਨਗੇ ਗੱਲ ਤੁਹਾਡੇ ਨਾਲ ! ਰਾਮ ਸਿੰਘ ਜੀ, ਇਹ ਸੁਨੀਤਾ – ਮੇਰੇ ਵੱਡੇ ਭੈਣ ਜੀ ਤੇ ਇਹ ਸੁਨੀਲ ਮੇਰੇ ਜੀਜਾ ਜੀ। ਇਹ ਮੇਘਾ ਤੇ ਵਰਿੰਦਰ – ਦੋਵੇਂ ਸਕੂਲ ਵਿਚ ਪੜ੍ਹਦੇ ਹਨ।

**ਰਾਮ ਸਿੰਘ:** ਨਮਸਤੇ ਜੀ !

**ਡਾ. ਮਹੇਸ਼:** ਦੀਦੀ ਤੁਸੀਂ ਨਾਲ ਦੇ ਕਮਰੇ ਵਿਚ ਬੈਠ ਕੇ ਗੱਲਾਂ-ਬਾਤਾਂ ਕਰੋ। ਮੈਂ ਹੁਣੇ ਵਿਹਲਾ ਹੋ ਕੇ ਆਉਂਦਾ ਹਾਂ।

**(ਦ੍ਰਿਸ਼ ਪਰਿਵਰਤਨ ਸੰਗੀਤ........................................ਮੱਧਮ ਪੈਂਦਾ ਹੈ)**

**ਦ੍ਰਿਸ਼:2**

**(ਸ਼ੁਰੂਆਤੀ ਸੰਗੀਤ........................................ ਮੱਧਮ ਪੈਂਦਾ ਹੈ)**

**ਸਥਾਨ: ਡਾਕਟਰ ਬਾਧਵਾ ਦੇ ਕਮਰੇ ਦਾ ਸਾਈਡ ਰੂਮ।**

**(ਡਾਕਟਰ ਮਹੇਸ਼ ਬਾਧਵਾ ਦੇ ਕਮਰੇ ਦੀ ਚਹਿਲ-ਪਹਿਲ ਸੁਣਾਈ ਦੇ ਰਹੀ ਹੈ।)**

**ਵਰਿੰਦਰ:** ਅੰਕਲ, ਇੱਥੇ ਤਾਂ ਮੈਂ ਦੇਖਿਆ ਬਹੁਤ ਸਾਰੇ ਮਰੀਜ਼ਾਂ ਦਾ ਇਕ ਹੱਥ ਹੀ ਨਹੀਂ ਹੈ...!

**ਮੇਘਾ:** ਕਿਸੇ ਦੇ ਪੰਜਾ ਨਹੀਂ ਤਾਂ ਕਿਸੇ ਦੀ ਬਾਂਹ ਨਹੀਂ ! ਅਜਿਹਾ ਕਿਉਂ ? ਕੌਣ ਨੇ ਇਹ ?

**ਰਾਮ ਸਿੰਘ:** ਇਹ ਮਛੇਰੇ ਨੇ ! ਵਿਸਫੋਟ ਨਾਲ ਮੱਛੀ ਫੜਨ (ਬਲਾਸਟ ਫਿਸ਼ਿੰਗ) ਦਾ ਕੰਮ ਕਰਦੇ ਹਨ?

**ਮੇਘਾ:** ਬਲਾਸਟ ਫਿਸ਼ਿੰਗ....ਅੰਕਲ ?

**ਰਾਮ ਸਿੰਘ:** ਮੱਛੀ ਫੜਨ ਦਾ ਇਹ ਇਕ ਸਰਲ ਪਰ ਗ਼ੈਰ-ਕਾਨੂੰਨੀ ਤਰੀਕਾ ਹੈ ਜਿਸ ਵਿੱਚ ਡਾਈਨਾਮਾਈਟ ਜਾਂ ਕਿਸੇ ਹੋਰ ਵਿਸਫੋਟਕ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ !

**ਸੁਨੀਤਾ:** ਉਹ ਕਿਵੇਂ ?

**ਰਾਮ ਸਿੰਘ:** ਭੈਣ ਜੀ, ਇਹ ਲੋਕ ਇਕ ਘਰੇਲੂ ਵਿਸਫੋਟਕ ਬਣਾ ਕੇ ਕਿਸੇ ਨਦੀ ਜਾਂ ਝੀਲ ਵਿਚ ਸੁੱਟਦੇ ਹਨ ਜਿਹੜਾ ਪਾਣੀ ਦੇ ਅੰਦਰ ਜਾ ਕੇ ਫਟ ਜਾਂਦਾ ਹੈ ਤੇ ਜਬਰਦਸਤ ਧਮਾਕਾ ਲਹਿਰਾਂ (ਸ਼ਾਕ ਵੇਵਜ਼) ਪੈਦਾ ਕਰਦਾ ਹੈ।

**ਵਰਿੰਦਰ:** ਸ਼ਾਕ ਵੇਵਜ਼?

**ਰਾਮ ਸਿੰਘ:** ਹਾਂ ! ਇਹ ਧਮਾਕਾ ਲਹਿਰਾਂ ਮੱਛੀਆਂ ਦੇ ਸਵਿਮ ਬਲੈਡਰ ਨੂੰ ਫਾੜ ਦਿੰਦੀਆਂ ਨੇ , ਖੂਨ ਵਗਣ ਨਾਲ ਮੱਛੀਆਂ ਮਰ ਜਾਂਦੀਆਂ ਹਨ! ਮਰ ਕੇ ਉਹ ਥੱਲੇ ਬੈਠ ਜਾਂਦੀਆਂ ਨੇ ਜਾਂ ਫਿਰ ਪਾਣੀ ਵਿੱਚ ਡੁੱਬਣ ਲੱਗਦੀਆਂ ਨੇ ! ਮਛੇਰੇ ਪਾਣੀ ਵਿਚ ਜਾ ਕੇ ਉਨ੍ਹਾਂ ਨੂੰ ਇਕੱਠਾ ਕਰ ਲੈਂਦੇ ਹਨ।

**ਮੇਘਾ:** ਪਰ, ਇਹ ਬਾਂਹ ਅਤੇ ਪੰਜਾ.... ਇਹ ਕੋਈ ਦੁਰਘਟਨਾ...?

**ਰਾਮ ਸਿੰਘ:** ਇਹ ਵਿਸਫੋਟਕ ਕਦੇ-ਕਦੇ ਹੱਥ ਵਿਚ ਫਟ ਜਾਂਦੇ ਹਨ ਤੇ ਨਤੀਜਾ, ਜੋ ਤੁਸੀਂ ਦੇਖ ਰਹੇ ਹੋ !

**ਸੁਨੀਤਾ:** ਇਨ੍ਹਾਂ ਵਿਧੀਆਂ ਰਾਹੀਂ ਤਾਂ ਛੋਟੀਆਂ-ਵੱਡੀਆਂ ਮੱਛੀਆਂ ਅਤੇ ਹੋਰ ਸਮੁੰਦਰੀ ਜੀਵ ਵੀ ਮਾਰੇ ਜਾਂਦੇ ਹਨ !

**ਰਾਮ ਸਿੰਘ:** ਇਸ ਪ੍ਰਕਾਰ ਮਰੀਆਂ ਛੋਟੀਆਂ ਮੱਛੀਆਂ ਤੇ ਹੋਰ ਸਮੁੰਦਰੀ ਜੀਵਾਂ ਨੂੰ ਬਾਈ-ਕੈਚ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਇਹ ਮਛੇਰੇ ਉਥੇ ਕੰਢੇ 'ਤੇ ਹੀ ਜਾਂ ਪਾਣੀ ਦੇ ਅੰਦਰ ਹੀ ਛੱਡ ਜਾਂਦੇ ਹਨ !

**ਸੁਨੀਲ:** ਇਸ ਨਾਲ ਛੋਟੀ ਉਮਰ ਦੀਆਂ ਮੱਛੀਆਂ ਮਰ ਜਾਣ ਕਾਰਨ ਵੱਡੀਆਂ ਮੱਛੀਆਂ ਦੀ ਸੰਖਿਆ ਨਿਰੰਤਰ ਘਟਦੀ ਜਾਂਦੀ ਹੈ।

ਮੂੰਗੇ ਦੀਆਂ ਕਲੋਨੀਆਂ ਨੂੰ ਵੀ ਬਹੁਤ ਨੁਕਸਾਨ ਪਹੁੰਚਦਾ ਹੈ !

**ਸੁਨੀਤਾ:**ਵਾਤਾਵਰਨ ਲਈ ਹਾਨੀਕਾਰਕ ਹੋਣ ਕਰਕੇ ਬਹੁਤੇ ਦੇਸ਼ਾਂ ਨੇ ਬਲਾਸਟ ਫਿਸ਼ਿੰਗ, ਸਾਇਆਨਾਈਡ ਫਿਸ਼ਿੰਗ, ਫਿਸ਼ ਟ੍ਰੋਲਿੰਗ ਵਰਗੇ ਤਰੀਕੇ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤੇ ਹਨ।

**ਵਰਿੰਦਰ:** ਅੰਕਲ ! ਸਾਈਨਾਈਡ ਫਿਸ਼ਿੰਗ ਕੀ ਹੁੰਦੀ ਹੈ ?

**ਰਾਮ ਸਿੰਘ:** ਸੋਡੀਅਮ ਸਾਈਨਾਈਡ ਦੇ ਛਿੜਕਾਅ ਨਾਲ ਬੇਹੋਸ਼ ਕਰਕੇ ਮੱਛੀਆਂ ਫੜਨ ਨੂੰ ਸਾਈਨਾਈਡ ਫਿਸ਼ਿੰਗ ਕਹਿੰਦੇ ਹਨ !

**ਸੁਨੀਲ:** ਇਸ ਵਿਧੀ ਨਾਲ ਵੀ ਛੋਟੀਆਂ ਮੱਛੀਆਂ ਅਤੇ ਹੋਰ ਸਮੁੰਦਰੀ ਜੰਤੂ ਮਰ ਜਾਂਦੇ ਹਨ !

**ਰਾਮ ਸਿੰਘ:**ਹਾਂ ਜੀ! ਮੂੰਗੇ ਦੀਆਂ ਪਹਾੜੀਆਂ ਨੂੰ ਵੀ ਬਹੁਤ ਨੁਕਸਾਨ ਪਹੁੰਚਦਾ ਹੈ! ਜ਼ਿਆਦਾਤਰ ਦੇਸ਼ਾਂ ਵਿਚ ਇਸ ‘ਤੇ ਰੋਕ ਹੈ।

**ਮੇਘਾ:** ਅਤੇ ਇਹ ਫਿਸ਼ ਟ੍ਰੋਲਿੰਗ, ਅੰਕਲ ?

**ਰਾਮ ਸਿੰਘ:** ਮੱਛੀ ਫੜਨ ਦੇ ਇਕ ਬਾਰੀਕ ਜਾਲ ਨੂੰ ਟ੍ਰੋਲਰ ਕਹਿੰਦੇ ਨੇ । ਇਸ ਨੂੰ ਮੱਛੀ ਫੜਨ ਵਾਲੀ ਕਿਸ਼ਤੀ ਜਾਂ ਜਹਾਜ਼ ਨਾਲ ਬੰਨ੍ਹ ਕੇ ਸਮੁੰਦਰ ਦੇ ਥੱਲੇ ‘ਤੇ ਜਾਂ ਥੱਲੇ ਦੇ ਥੋੜ੍ਹਾ ਉੱਪਰ ਤੱਕ ਪਹੁੰਚਾਇਆ ਜਾਂਦਾ ਹੈ। ਕੰਮ ਦੀਆਂ ਮੱਛੀਆਂ ਤੋਂ ਬਿਨਾ ਇਸ ਵਿੱਚ ਫਸੇ ਹੋਰ ਸਮੁੰਦਰੀ ਜੀਵਾਂ ਤੇ ਛੋਟੀਆਂ ਮੱਛੀਆਂ ਨੂੰ ਮਛੇਰੇ ਬਾਹਰ ਹੀ ਸੁੱਟ ਦਿੰਦੇ ਹਨ।

**ਸੁਨੀਤਾ:** ਇਸ ਨਾਲ ਵੀ ਛੋਟੀਆਂ ਮੱਛੀਆਂ ਤੇ ਬਹੁਤ ਸਾਰੇ ਜਲੀ ਜੀਵ-ਜੰਤੂ ਬੇਕਾਰ ‘ਚ ਹੀ ਮਾਰੇ ਜਾਂਦੇ ਹਨ।

**ਸੁਨੀਲ:** ਹਾਂ ! ਮੱਛੀਆਂ ਮਿਲਦੀਆਂ ਰੱਖਣ ਵਾਸਤੇ ਜਰੂਰੀ ਹੈ ਕਿਸੇ ਥਾਂ ਤੋਂ ਇਕ ਵਾਰ ਮੱਛੀਆਂ ਕੱਢਣ ਤੋਂ ਬਾਅਦ ਕੁਝ ਦਿਨਾਂ ਤੱਕ ਉਥੋਂ ਮੱਛੀਆਂ ਨਾ ਕੱਢੀਆਂ ਜਾਣ, ਤਾਕਿ ਛੋਟੀਆਂ ਮੱਛੀਆਂ ਨੂੰ ਵਧਣ ਦਾ ਮੌਕਾ ਮਿਲ ਸਕੇ।

**ਸੁਨੀਤਾ:** ਮੱਛੀਆਂ ਦੀ ਸੰਖਿਆ ਦੇ ਵਾਧੇ ਲਈ ਮੱਛੀਆਂ ਦੇ ਪ੍ਰਜਣਨ ਕਾਲ ਵਿਚ ਵੀ ਮੱਛੀ ਫੜਨ 'ਤੇ ਰੋਕ ਹੋਣੀ ਚਾਹੀਦੀ ਹੈ !

**ਰਾਮ ਸਿੰਘ:** ਜਾਲ ਦੇ ਛੇਦ ਵੀ ਇੰਨੇ ਵੱਡੇ ਹੋਣ ਕਿ ਸਿਰਫ ਵੱਡੀਆਂ ਮੱਛੀਆਂ ਹੀ ਫਸਣ ਅਤੇ ਛੋਟੀਆਂ ਮੱਛੀਆਂ ਤੇ ਹੋਰ ਜੀਵ ਜੰਤੂ ਨਿਕਲ ਜਾਣ।

**ਮੇਘਾ:** ਹਾਂ ਜੀ ! ਇਸ ਨਾਲ ਮੱਛੀਆਂ ਦੀ ਪੈਦਾਵਾਰ ਵਿਚ ਕਮੀ ਵੀ ਨਹੀਂ ਹੋਵੇਗੀ !

**ਰਾਮ ਸਿੰਘ:** ਸੰਸਾਰ ਦੀ ਬਹੁਤ ਵੱਡੀ ਜਨਸੰਖਿਆ ਰੋਜੀ ਰੋਟੀ ਅਤੇ ਪੋਸ਼ਣ ਲਈ ਮੱਛੀਆਂ 'ਤੇ ਨਿਰਭਰ ਹੈ ! ਇਸ ਕਿੱਤੇ ਦੇ ਸਥਾਈਪਨ ਵਾਸਤੇ ਸਾਡੀ ਸੰਸਥਾ ਇਨ੍ਹਾਂ ਗ਼ੈਰ-ਕਾਨੂੰਨੀ ਵਿਧੀਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਹਿਮਾਇਤ ਕਰਦੀ ਹੈ।

**ਸੁਨੀਲ:** ਕਾਨੂੰਨ ਤਾਂ ਬਥੇਰੇ ਨੇ ਪਰ ਅਮਲ ਸਖ਼ਤੀ ਨਾਲ ਨਹੀਂ ਹੁੰਦਾ।

**(ਕਿਸੇ ਵਿਅਕਤੀ ਦਾ ਪ੍ਰਵੇਸ਼, ਡਾ. ਮਹੇਸ਼ ਬਾਧਵਾ)**

**ਡਾ. ਮਹੇਸ਼:** ਤੁਸੀਂ ਬੋਰ ਤਾਂ ਨਹੀਂ ਹੋਏ ?

**ਮੇਘਾ:** ਨਹੀਂ ਮਾਮਾ ਜੀ, ਅੰਕਲ ਨੇ ਦਿਲ ਲਵਾਈ ਰੱਖਿਆ !

**ਵਰਿੰਦਰ:** ਅਤੇ ਬਹੁਤ ਜਾਣਕਾਰ ਵੀ.....

**ਡਾ.ਮਹੇਸ਼:** ਰਾਮ ਸਿੰਘ ਜੀ, ਤੁਸੀਂ ਗੱਡੀ ਲੈ ਕੇ....ਜੀਜਾ ਜੀ, ਦੀਦੀ ਤੇ ਬੱਚਿਆਂ ਨੂੰ ਘੁਮਾ ਹੀ ਲਿਆਉ !

**ਰਾਮ ਸਿੰਘ:** ਠੀਕ ਹੈ। ਮੈਂ ਇਨ੍ਹਾਂ ਨੂੰ ਜੰਗਲਾਂ ਦੀ ਸੈਰ ਕਰਵਾਉਂਦਾ ਹਾਂ।

**(ਦ੍ਰਿਸ਼ ਪਰਿਵਰਤਨ ਸੰਗੀਤ.........................................ਮੱਧਮ ਪੈਂਦਾ ਹੈ)**

**ਦ੍ਰਿਸ਼:3**

(ਸ਼ੁਰੂਆਤੀ ਸੰਗੀਤ........................................ ਮੱਧਮ ਪੈਂਦਾ ਹੈ)

ਸਥਾਨ: ਜੰਗਲ

(ਜੰਗਲ ਦੇ ਦ੍ਰਿਸ਼ ਦਾ ਧੁਨੀ ਪ੍ਰਭਾਵ, ਚਿੜੀਆਂ ਦੀ ਚਹਿਚਹਾਟ, ਰੁੱਖਾਂ ਦੀ ਸਰਸਰਾਹਟ, ਨਾਲ ਹੀ ਜੀਪ ਦੀ ਆਵਾਜ਼ ਆਉਂਦੀ ਰਹਿੰਦੀ ਹੈ।)

**ਵਰਿੰਦਰ:** ਅੰਕਲ, ਜੰਗਲ ਹੀ ਜੰਗਲ ਦਿਖਾਈ ਦੇ ਰਿਹਾ ਹੈ ! ਬਸਤੀ ਤਾਂ ਕੋਈ ਵੀ ਨਹੀਂ !

**ਰਾਮ ਸਿੰਘ:** ਇਹ ਸਭ ਤੋਂ ਸੰਘਣਾ ਜੰਗਲ ਹੈ। ਐਥੇ ਛੋਟੇ-ਛੋਟੇ ਸਮੂਹਾਂ ਵਿਚ ਆਦਿਵਾਸੀ ਰਹਿੰਦੇ ਹਨ !

**ਵਰਿੰਦਰ:** ਹੈਂ ! ਜੰਗਲ ਦੇ ਸਾਰੇ ਰੁੱਖ ਜਲੇ ਪਏ ਹਨ !

**ਰਾਮ ਸਿੰਘ:** ਖੇਤੀ ਲਈ ਇਹ ਜੰਗਲ ਜਲਾਇਆ ਜਾ ਰਿਹਾ ਹੈ।

**ਵਰਿੰਦਰ:** ਖੇਤੀ ਲਈ ?

**ਮੇਘਾ:** ਕੀ, ਇਹੀ ਹੁੰਦੀ ਹੈ ਝੂਮ ਖੇਤੀ, ਅੰਕਲ ?

**ਰਾਮ ਸਿੰਘ:** ਹਾਂ, ਜੰਗਲ ਜਲਾਕੇ ਖੇਤੀ ਕੀਤੀ ਜਾਂਦੀ ਹੈ।ਦੋ-ਚਾਰ ਸਾਲ ਵਿੱਚ ਜਦੋਂ ਪੈਦਾਵਾਰ ਬਹੁਤ ਘਟ ਜਾਂਦੀ ਹੈ ਤਾਂ ਉਸ ਥਾਂ ਨੂੰ ਛੱਡ ਦਿੱਤਾ ਜਾਂਦਾ ਹੈ।

**ਸੁਨੀਤਾ:** ਵੇਖੋ ! ਕਿਵੇਂ ਨਾਸ ਮਾਰਿਆ ਜਾਂਦਾ ਹੈ ਜੰਗਲਾਂ ਦਾ ?

**ਸੁਨੀਲ:** ਤੁਹਾਡੀ ਸੰਸਥਾ ਇਸਦੇ ਲਈ ਕੀ ਕਰਦੀ ਹੈ?

**ਰਾਮ ਸਿੰਘ:** ਅਸੀਂ ਇਨ੍ਹਾਂ ਆਦਿਵਾਸੀਆਂ ਨੂੰ ਪਰਮਾਕਲਚਰ, ਫੋਰੈਸਟ ਫਿਸ਼ਿੰਗ, ਫਸਲੀ-ਚੱਕਰ, ਐਗਰੋ ਫਾਰਮਿੰਗ ਜਿਹੀਆਂ ਵਿਧੀਆਂ ਸਿਖਾ ਰਹੇ ਹਾਂ ਤਾਂ ਕਿ ਇਨ੍ਹਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਦੇ ਨਾਲ ਹੀ ਕੁਦਰਤ ਦਾ ਸੰਤੁਲਨ ਵੀ ਬਣਿਆ ਰਹੇ।

**ਵਰਿੰਦਰ:** ਪਰਮਾਕਲਚਰ !

**ਰਾਮ ਸਿੰਘ:** ਪਰਮਾਕਲਚਰ ਭਾਵ ਪਰਮਾਨੈਂਟ ਐਗਰੀਕਲਚਰ ਯਾਣੀ ਟਿਕਾਊ ਖੇਤੀ ! ਦਰਅਸਲ ਕੁਦਰਤ ਨਾਲ ਮਿਲਕੇ ਜੀਉਣ ਦਾ ਇਹ ਇੱਕ ਤਰੀਕਾ ਹੈ।

**ਮੇਘਾ:** ਉਹ ਕਿਵੇਂ ?

**ਰਾਮ ਸਿੰਘ:** ਖੇਤੀ ਨੂੰ ਮਨੁੱਖ ਦੀਆਂ ਸਾਰੀਆਂ ਜ਼ਰੂਰਤਾਂ ਨਾਲ ਜੋੜ ਕੇ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਕਿਸੇ ਚੀਜ਼ ਦੀ ਵਰਤੋਂ ਨਾਲ ਕੁਦਰਤ ਦਾ ਸੰਤੁਲਨ ਨਾ ਵਿਗੜੇ।

**ਸੁਨੀਤਾ:** ਉਹ ਕਿਵੇਂ ?

**ਰਾਮ ਸਿੰਘ:** ਜੰਗਲੀ ਜਾਨਵਰਾਂ ਦਾ ਮਲ-ਮੂਤਰ ਤੇ ਡਿੱਗੇ ਪੱਤੇ ਬਣਦੇ ਨੇ ਖਾਦ ! ਪੌਦਿਆਂ ਦੀਆਂ ਪੱਤੀਆਂ ਤੇ ਫਲ ਜਾਨਵਰਾਂ ਦੇ ਕੰਮ ਆਉਂਦੇ ਹਨ !

**ਸੁਨੀਤਾ:** ਵਾਹ ! ਤਰੀਕਾ, ਕੁਦਰਤ ਨੂੰ ਬਿਨਾਂ ਨੁਕਸਾਨ ਪਹੁੰਚਾਏ ਮਜ਼ੇ ਨਾਲ ਜਿਉਣ ਦਾ !

**ਰਾਮ ਸਿੰਘ:** ਹਾਂ ਜੀ...! ਇਹੀ ਸੋਚ ਪਰਮਾਕਲਚਰ ਦਾ ਅਧਾਰ ਹੈ।

**ਵਰਿੰਦਰ:** ਕਿਵੇਂ ?

**ਰਾਮ ਸਿੰਘ:** ਇਸ ਵਿੱਚ ਖੇਤੀਬਾੜੀ, ਰਿਹਾਇਸ਼, ਜਾਨਵਰ ਤੇ ਮੱਛੀ ਪਾਲਣ, ਸਭ ਇਕੋ ਥਾਂ 'ਤੇ ਹੁੰਦਾ ਹੈ। ਖੇਤ ਨੂੰ ਕਈ ਜ਼ੋਨਾਂ

ਵਿਚ ਵੰਡਿਆ ਜਾਂਦਾ ਹੈ।ਵਿਚਕਾਰਲੇ ਜੋਨ ਵਿਚ ਮਨੁੱਖ ਤੇ ਪਾਲਤੂ ਜਾਨਵਰ ਰਹਿੰਦੇ ਨੇ । ਅਗਲੇ ਵਿਚ ਮੱਛੀਆਂ, ਮਾਸ ਤੇ ਕਾਰੋਬਾਰ ਲਈ ਪਾਲਤੂ ਜਾਨਵਰ! ਇਸ ਤੋਂ ਅਗਲੇ ਵਿਚ ਸਥਾਨਕ ਵਸੋਂ ਦੀ ਵਰਤੋਂ ਤੇ ਆਮਦਨੀ ਲਈ ਸਬਜੀਆਂ!

**ਸੁਨੀਤਾ:** ਵਾਹ , ਰੋਚਕ! ਇਸ ਤੋਂ ਅੱਗੇ ?

**ਰਾਮ ਸਿੰਘ:** ਇਸ ਤੋਂ ਅੱਗੇ ਜਿੰਸੇਂਗ, ਬ੍ਰਹਮੀ ਆਦਿ ਦਵਾ ਪੌਦੇ ਜਾਂ ਚਾਰੇ ਲਈ ਵਰਤੇ ਜਾਣ ਵਾਸਤੇ ਬਰਸੀਨ ਆਦਿ...!

**ਸੁਨੀਲ:** ਇਸਦੇ ਨਾਲ ਅੱਗੇ ਅਨਾਜ ਤੇ ਘਰੇਲੂ ਜਾਨਵਰਾਂ ਦੇ ਦਾਣੇ ਵਾਲੇ ਪੌਦੇ ਹੋਣਗੇ।

**ਰਾਮ ਸਿੰਘ:** ਹਾਂ ਜੀ ! ਤੇ ਹੋਰ ਅੱਗੇ ਵਪਾਰਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਫੁੱਲਾਂ ਵਾਲੇ ਪੌਦੇ ਲਗਾਏ ਜਾਂਦੇ ਹਨ !

**ਮੇਘਾ:** ਮਤਲਬ ਨਾਲੋ-ਨਾਲ ਆਮਦਨੀ ਦਾ ਸਾਧਨ ਵੀ?

**ਰਾਮ ਸਿੰਘ:** ਹਾਂ! ਬਾਕੀ ਦੀ ਥਾਂ ਜੰਗਲ ਦੇ ਲਈ ਹੁੰਦੀ ਹੈ ਜਿਸ ਵਿਚ ਜੰਗਲੀ ਪੇੜ-ਪੌਦੇ, ਜੀਵ-ਜੰਤੂ, ਪੰਛੀ ਆਦਿ ਹੁੰਦੇ ਨੇ ! ਇਹ ਪੌਦੇ ਤੇਜ਼ ਹਵਾਵਾਂ ਅਤੇ ਤੂਫ਼ਾਨ ਆਦਿ ਤੋਂ ਸਾਰੀ ਵਿਵਸਥਾ ਦੀ ਸੁਰੱਖਿਆ ਕਰਦੇ ਹਨ।

**ਸੁਨੀਤਾ:** ਬਹੁਤ ਮੁਸ਼ਕਿਲ ਜਿਹਾ ਲੱਗਦਾ ਹੈ, ਇਹ ਸਾਰਾ ਤਾਣਾ ਬਾਣਾ...!

**ਰਾਮ ਸਿੰਘ:** ਹਾਂ ! ਪਰ ਹੈ ਇਹ ਹਕੀਕਤ! ਪਰਮਾਕਲਚਰ ਦੇ ਜਨਮਦਾਤਾ ਬਿਲ ਮੋਲੀਸਨ ਤੇ ਉਨ੍ਹਾਂ ਦੇ ਵਿਦਿਆਰਥੀ ਡੇਵਿਡ ਹੋਮਗ੍ਰੇਨ ਨੇ ਜਦੋਂ ਤਸਮਾਨੀਆਂ ਵਿਚ ਪਰਮਾਕਲਚਰ ਦੀ ਸ਼ੁਰੂਆਤ ਕੀਤੀ ਤਾਂ ਹੈਰਾਨੀ ਜਨਕ ਨਤੀਜੇ ਮਿਲੇ !

**ਸੁਨੀਤਾ:** ਅੱਛਾ!

**ਰਾਮ ਸਿੰਘ:** ਇਸਦੀ ਸੁਰੂਆਤ ਤੋਂ ਪਹਿਲਾਂ ਮੱਛੀਆਂ ਦੀ ਪੈਦਾਵਾਰ ਖ਼ਤਮ ਹੋਣ ਵਾਲੀ ਸੀ, ਜੰਗਲ ਅਲੋਪਣ ਕੰਢੇ ਸਨ, ਧਰਤੀ ਦੀ ਪੈਦਾਵਾਰ ਘੱਟ ਕੇ ਇਕ ਚੌਥਾਈ ਰਹਿ ਗਈ ਸੀ !

**ਵਰਿੰਦਰ:** ਅੱਛਾ !

**ਰਾਮ ਸਿੰਘ:** ਹਾਂ ! ਕੁਝ ਹੀ ਸਾਲਾਂ ਵਿਚ ਹਾਲਾਤ ਬਦਲਣ ਲੱਗੇ ।ਇਕ ਪ੍ਰਜਾਤੀ ਦੇ ਬੇਕਾਰ ਤੇ ਵਾਧੂ ਪਦਾਰਥ, ਦੂਸਰੀ ਪ੍ਰਜਾਤੀ ਦੇ ਕੰਮ ਆਉਣੇ ਸੁਰੂ ਹੋ ਗਏ ! ਬੇਕਾਰ ਫੋਕਟ ਘੱਟਣ ਲੱਗਿਆ ! ਸਾਧਨਾਂ ਦੀ ਭਰਪਾਈ ਹੋਣ ਲੱਗੀ !

**ਮੇਘਾ:** ਪਰ,ਅੰਕਲ ! ਐਨੇ ਸੰਘਣੇ ਜੰਗਲਾਂ ਵਿੱਚ ਐਨਾ ਕੁਝ ਵਿਕਸਿਤ ਕਰਨਾ ਤਾਂ ਬਹੁਤ ਮੁਸ਼ਕਲ ਹੈ !

**ਰਾਮ ਸਿੰਘ:** ਹਾਂ ! ਅਜਿਹੇ ਸਥਾਨਾਂ ਦੇ ਲਈ ਸਾਡੀ ਸੰਸਥਾ ਫਾਰੈਸਟ ਫਾਰਮਿੰਗ ਦੀ ਸਿਫ਼ਾਰਿਸ ਕਰਦੀ ਹੈ ਅਤੇ ਇਸ ਸਬੰਧੀ ਸਿਖਲਾਈ ਵੀ ਦਿੰਦੀ ਹੈ।

**ਵਰਿੰਦਰ:** ਫਾਰੈਸਟ ਫਾਰਮਿੰਗ, ਅੰਕਲ ?

**ਰਾਮ ਸਿੰਘ:** ਹਾਂ! ਜੰਗਲ ਦੇ ਵੱਡੇ ਰੁੱਖਾਂ ਨੂੰ ਛਾਂਗ ਕੇ ਸੂਰਜੀ ਰੌਸ਼ਨੀ ਹੇਠਾਂ ਤੱਕ ਪਹੁੰਚਾਈ ਜਾਂਦੀ ਹੈ! ਫਿਰ ਇਨ੍ਹਾਂ ਦੇ ਹੇਠਾਂ ਅਜਿਹੀਆਂ ਫਸਲਾਂ ਦੀ ਖੇਤੀ ਕੀਤੀ ਜਾਂਦੀ ਹੈ ਜਿਹੜੀਆਂ ਛਾਂ ਵਿਚ ਵੀ ਪਨਪ ਸਕਣ।

**ਮੇਘਾ:** ਕਿਹੜੀਆਂ ਫਸਲਾਂ, ਅੰਕਲ ?

**ਰਾਮ ਸਿੰਘ:** ਜਿਵੇਂ ਕਿ ਖੁੰਬਾਂ, ਜਿੰਸੈਂਗ, ਦਵਾਈਆਂ ਵਾਲੇ ਪੌਦੇ...! ਇਸਦੇ ਨਾਲ ਹੀ ਘਰੇਲੂ ਜਾਨਵਰਾਂ ਤੋਂ ਇਲਾਵਾ ਮੁਰਗੀਆਂ, ਬੱਤਖਾਂ, ਮੱਛੀਆਂ ਤੇ ਮਾਸ ਦੇਣ ਵਾਲੇ ਜਾਨਵਰ ਵੀ ਪਾਲੇ ਜਾਂਦੇ ਹਨ।

**ਸੁਨੀਲ:** ਕੀ ਇਹੀ ਹੈ ਐਗਰੋਫੋਰੈਸਟਿੰਗ ?

**ਰਾਮ ਸਿੰਘ:** ਹਾਂ ਜੀ! ਇਸ ਤੋਂ ਬਿਨਾ ਬਹੁ-ਫਸਲੀ ਤੇ ਫਸਲੀ ਚੱਕਰ, ਵਰਗੇ ਤਰੀਕੇ ਵੀ ਵਰਤੇ ਜਾਂਦੇ ਨੇ ! ਪਰ ਸਾਰਿਆਂ ਵਿਚ ਧਿਆਨ ਰੱਖਿਆ ਜਾਂਦਾ ਹੈ ਕਿ ਕੁਦਰਤ ਦਾ ਸੰਤੁਲਨ ਨਾ ਵਿਗੜੇ। ਕੁਦਰਤ ਤੋਂ ਜਿਨਾ ਲੈ ਰਹੇ ਹਾਂ ਓਨਾ ਮੋੜਦੇ ਰਹੀਏ।

**ਵਰਿੰਦਰ:** ਇਹ ਬਹੁ-ਫਸਲੀ ਕੀ ਹੈ ?

**ਰਾਮ ਸਿੰਘ:** ਉੱਤਰਾਖੰਡ ਵਿਚ ਬਹੁ-ਫਸਲੀ ਵਿਧੀ ਬਹੁਤ ਜਿਆਦਾ ਵਰਤੀ ਜਾਂਦੀ ਹੈ। ਇਸ ਵਿਚ ਵੱਖ-ਵੱਖ ਸਮੇ ਪੱਕਣ ਵਾਲੀਆਂ ਕਈ ਕਿਸਮ ਦੀਆਂ ਫਸਲਾਂ ਇਕੋ ਥਾਂ 'ਤੇ ਇਕੱਠੀਆਂ ਉਗਾਈਆਂ ਜਾਦੀਆਂ ਹਨ ।

**ਸੁਨੀਲ:** ਹਾਂ ! ਇਕ ਵਾਰ ਮੈਂ ਵੀ ਕਈ ਕਿਸਮ ਦੀਆਂ ਫਸਲਾਂ ਇਕੱਠੀਆਂ ਹੀ ਲੱਗੀਆਂ ਹੋਈਆਂ ਦੇਖੀਆਂ ਨੇ ।

**ਮੇਘਾ:** ਅੰਕਲ, ਵਣ-ਵਾਸੀਆਂ ਨੂੰ ਵੀ ਤਾਂ ਮਿਲਾਓ !

**ਰਾਮ ਸਿੰਘ:** ਹਾਂ ਮੇਘਾ ! ਮੈਂ ਤੁਹਾਨੂੰ ਅਪਾਤਾਨੀ ਕਬੀਲੇ ਦੇ ਠਿਕਾਣੇ 'ਤੇ ਲਜਾ ਰਿਹਾ ਹਾਂ। ਇਹ ਜ਼ੀਰੋ ਵੈਲੀ ਵਿਚ ਰਹਿੰਦੇ ਹਨ।

**ਵਰਿੰਦਰ:** ਜ਼ੀਰੋ ਵੈਲੀ?

**ਰਾਮ ਸਿੰਘ:** ਹਾਂ!ਇਹ ਹੇਠਲੇ ਸੁਬਾਨਸਿਰੀ ਜ਼ਿਲ੍ਹੇ ਵਿਚ ਹੈ।ਯੁਨੈਸਕੋ ਨੇ ਇਸ ਜ਼ੀਰੋ ਵੈਲੀ ਨੂੰ ਵਿਸ਼ਵ ਧਰੋਹਰ ਘੋਸ਼ਿਤ ਕੀਤਾ ਹੈ।

**ਸੁਨੀਤਾ:** ਵਾਹ ! ਕਮਾਲ ਐ ! ਵਿਸ਼ਵ ਧਰੋਹਰ !

ਰਾਮ ਸਿੰਘ: ਹਾਂ ਜੀ ! ਅਪਾਤਾਨੀ ਲੋਕ ਕੁਦਰਤ ਨਾਲ ਤਾਲਮੇਲ ਬਣਾ ਕੇ ਐਨੇ ਚੈਨ ਨਾਲ ਰਹਿ ਰਹੇ ਹਨ ਕਿ ਸਾਰੀ ਦੁਨੀਆ ਲਈ ਇਕ ਮਿਸਾਲ ਨੇ ।

**ਵਰਿੰਦਰ:** ਕਦੋਂ ਪਹੁੰਚਾਗੇ ਅਸੀਂ ਉਥੇ ਅੰਕਲ ?

**ਰਾਮ ਸਿੰਘ:** ਥੋੜ੍ਹਾ ਦੂਰ ਹੈ... ਈਟਾਨਗਰ ਤੋਂ ਲਗਭਗ 170 ਕਿ.ਮੀ. ! ਅੱਧਾ ਰਸਤਾ ਤਾਂ ਅਸੀਂ ਤੈਅ ਕਰ ਹੀ ਆਏ ਹਾਂ।

**(ਜੀਪ ਦੀ ਆਵਾਜ਼ ਤੇਜ਼ ਹੋ ਕੇ ਧੀਮੀ ਹੁੰਦੀ ਹੈ।)**

**(ਦ੍ਰਿਸ਼ ਪਰਿਵਰਤਨ ਸੰਗੀਤ.........................................ਮੱਧਮ ਪੈਂਦਾ ਹੈ)**

**ਦ੍ਰਿਸ਼:4**

**(ਸ਼ੁਰੂਆਤੀ ਸੰਗੀਤ......................................... ਮੱਧਮ ਪੈਂਦਾ ਹੈ)**

**ਸਥਾਨ: ਜ਼ੀਰੋ ਵੈਲੀ।**
**(ਹਰੇ-ਭਰੇ ਜੰਗਲ ਦਾ ਧੁਨੀ ਪ੍ਰਭਾਵ, ਜੀਪ ਚੱਲਣ ਦੀ ਧੁਨੀ ਤੇਜ਼ ਹੋ ਕੇ ਮੱਧਮ ਹੋਵੇ)**

**ਰਾਮ ਸਿੰਘ:** ਲਓ ਪਹੁੰਚ ਗਏ ਅਸੀਂ ਜ਼ੀਰੋ ਵੈਲੀ ! ਆਉ ਪਹਿਲਾਂ ਇਥੋ ਦੇ ਲੋਕਾਂ ਦੇ ਖੇਤੀ ਕਰਨ ਦਾ ਤਰੀਕਾ ਵੇਖੀਏ !

**ਸੁਨੀਤਾ:** ਆਹ ਤਲਾਬ ਜਿਹਾ ਕਿਉਂ ਬਣਾਇਆ ਹੈ ?

**ਰਾਮ ਸਿੰਘ:** ਇਹ ਤਲਾਬ ਨਹੀਂ, ਝੋਨੇ ਦੇ ਖੇਤ ਹਨ। ਇਹ ਲੋਕ ਇਸ ਖੇਤੀ ਵਿਚ ਮੱਛੀਆਂ ਵੀ ਪਾਲਦੇ ਹਨ।

**ਮੇਘਾ:** ਵਾਹ! ਇਕ ਪੰਥ ਦੋ ਕਾਜ.......

**ਰਾਮ ਸਿੰਘ:** ਖੇਤਾਂ ਦੀਆਂ ਵੱਟਾਂ 'ਤੇ ਇਹ ਜਵਾਰ, ਬਾਜਰਾ ਬੀਜ ਲੈਂਦੇ ਹਨ! ਇਸ ਖੇਤੀ ਲਈ ਇਹ ਕਿਸੇ ਮਸ਼ੀਨ, ਹਲ-ਬੈਲ ਜਾਂ ਕਿਸੇ ਜਾਨਵਰ ਦੀ ਵਰਤੋਂ ਵੀ ਨਹੀਂ ਕਰਦੇ।

**ਸੁਨੀਲ:** ਅੱਛਾ! ਤੇ ਇਨ੍ਹਾਂ ਖੇਤਾਂ ਦੀ ਸਿੰਚਾਈ...?

**ਰਾਮ ਸਿੰਘ:** ਪਾਣੀ ਦੀ ਕਮੀ ਰੋਕਣ ਲਈ ਇਹ ਪਹਾੜਾਂ ਤੋਂ ਨਿਕਲਣ ਵਾਲੇ ਜਲ ਸ੍ਰੋਤਾਂ ਦਾ ਸੁਰੱਖਿਅਣ ਕਰਦੇ ਹਨ,ਜੰਗਲਾਂ ਦੀ

ਰੱਖਿਆ ਕਰਦੇ ਹਨ, ਜੰਗਲਾਂ ਤੋਂ ਉਤਪਾਦ ਲੈਣ ਵੇਲੇ ਜੰਗਲਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੰਦੇ, ਜੰਗਲ ਛਾਂ ਦੇਕੇ ਜਲ ਸ੍ਰੋਤਾਂ ਨੂੰ ਸੁੱਕਣ ਤੋਂ ਬਚਾਉਂਦੇ ਹਨ।

**ਮੇਘਾ:** ਬਹੁਤ ਵਿਗਿਆਨਿਕ ਦ੍ਰਿਸ਼ਟੀਕੋਣ ਹੈ ਇਨ੍ਹਾਂ ਦਾ?

**ਰਾਮ ਸਿੰਘ:** ਹਾਂ, ਇਹ ਕੇਵਲ ਵੱਡੀਆਂ ਮੱਛੀਆਂ ਨੂੰ ਹੀ ਫੜਦੇ ਹਨ ਤੇ ਛੋਟੀਆਂ ਨੂੰ ਵੱਡੇ ਹੋਣ ਲਈ ਛੱਡਦੇ ਜਾਂਦੇ ਹਨ !

**ਸੁਨੀਲ:** ਇਨ੍ਹਾਂ ਦਾ ਰਹਿਣ-ਸਹਿਣ, ਖਾਣਾ-ਪੀਣਾ?

**ਰਾਮ ਸਿੰਘ:** ਬਹੁਤ ਸਾਦਾ! ਖਾਣੇ ਵਿਚ ਚਾਵਲ ਜ਼ਰੂਰ ਹੁੰਦੇ ਹਨ।ਮਸਾਲੇ ਦੀ ਵਰਤੋਂ ਨਹੀਂ ਕਰਦੇ, ਆਪਣੇ ਖਾਣ ਦੇ ਲਈ ਨਮਕ ਵੀ ਰੁੱਖਾਂ ਦੀ ਛਿੱਲ ਅਤੇ ਜੜ੍ਹਾਂ ਤੋਂ ਖ਼ੁਦ ਹੀ ਬਣਾਉਂਦੇ ਹਨ।

**ਮੇਘਾ:** ਇਨ੍ਹਾਂ ਦੇ ਘਰ ?

**ਰਾਮ ਸਿੰਘ:** ਇਨ੍ਹਾਂ ਦੇ ਘਰ ਜੰਗਲ ਤੋਂ ਮਿਲਦੇ ਬਾਂਸ ਜਾਂ ਲੱਕੜ ਤੋਂ ਬਣਦੇ ਹਨ।

**ਸੁਨੀਤਾ:** ਮਤਲਬ ਇਨ੍ਹਾਂ ਦੇ ਕੋਲ ਜਿਨਾ ਹੈ, ਜਿਵੇਂ ਦਾ ਹੈ ਉਸੇ ਵਿਚ ਗੁਜ਼ਾਰਾ ਕਰਦੇ ਹਨ।

**ਰਾਮ ਸਿੰਘ:** ਮਜ਼ੇ ਨਾਲ ਰਹਿੰਦੇ ਨੇ ! ਸਿਹਤਮੰਦ ਤੇ ਖੁਸ਼ ਨੇ । ਇਨ੍ਹਾਂ ਨੇ ਵਿਖਾ ਦਿੱਤਾ ਕਿ ਕੁਦਰਤ ਦੇ ਨਾਲ ਮਿਲ ਕੇ ਅਸੀਂ ਸਿਹਤਮੰਦ ਤੇ ਖੁਸਹਾਲ ਜੀਵਣ ਜਿਉਂ ਸਕਦੇ ਹਾਂ !

**ਸੁਨੀਲ:** ਇਨ੍ਹਾਂ ਕੋਲ ਤਾਂ ਸਾਨੂੰ ਸ਼ਹਿਰੀਆਂ ਨੂੰ ਸਿਖਾਉਣ ਲਈ ਵੀ ਬਹੁਤ ਕੁਝ ਹੈ।

**ਰਾਮ ਸਿੰਘ:** ਅੱਜ ਰਾਤ ਇਨ੍ਹਾਂ ਦੇ ਨਾਲ ਹੀ ਰਹਾਂਗੇ ! ਇਹ ਲੋਕ ਬਹੁਤ ਮਹਿਮਾਨ ਨਵਾਜ਼ ਹੁੰਦੇ ਹਨ।

**(ਦ੍ਰਿਸ਼ ਪਰਿਵਰਤਨ ਸੰਗੀਤ.........................................ਮੱਧਮ ਪੈਂਦਾ ਹੈ)**

**ਦ੍ਰਿਸ਼:5**

**(ਸ਼ੁਰੂਆਤੀ ਸੰਗੀਤ.......................................... ਮੱਧਮ ਪੈਂਦਾ ਹੈ)**

**ਸਥਾਨ: ਮਹੇਸ਼ ਬਾਧਵਾ ਦੇ ਘਰ ਦੀ ਬੈਠਕ।**

**(ਰਾਮ ਸਿੰਘ, ਸੁਨੀਤਾ, ਮੇਘਾ, ਵਰਿੰਦਰ ਅਤੇ ਸੁਨੀਲ ਜੰਗਲ ਵਿਚੋਂ ਵਾਪਸ ਆ ਰਹੇ ਹਨ।)**

**ਡਾ. ਮਹੇਸ਼:** ਦੀਦੀ, ਕਿਵੇਂ ਰਿਹਾ ਟੂਰ?

**ਸੁਨੀਤਾ:** ਕਮਾਲ ਦਾ! ਤੁਹਾਡੇ ਰਾਮ ਸਿੰਘ ਜੀ ਤਾਂ ਇਕ ਪ੍ਰਫੈਕਟ ਆਦਮੀ ਹਨ।

**ਵਰਿੰਦਰ:** ਸਾਨੂੰ ਵਿਖਾ ਦਿੱਤਾ ਕਿ ਕੁਦਰਤ ਨਾਲ ਛੇੜ-ਛਾੜ ਕੀਤੇ ਬਿਨਾਂ ਅਪਾਤਾਨੀ ਲੋਕ ਕਿੰਨੇ ਮਜ਼ੇ ਵਿਚ ਹਨ।

**ਮੇਘਾ:** ਵਿਖਾ ਦਿੱਤਾ ਕਿ ਕੁਦਰਤ ਦਾ ਸੰਤੁਲਣ ਸਾਡੇ ਜਿਉਂਦੇ ਰਹਿਣ ਲਈ ਜਰੂਰੀ ਹੈ ਨਹੀਂ ਤਾਂ...! ਕੁਦਰਤ ਤੋਂ ਲੋੜ ਮੁਤਾਬਕ ਹੀ ਲਈਏ, ਉਸ ਤੋਂ ਖੋਹੀਏ ਨਾ।

**ਰਾਮ ਸਿੰਘ:** ਤੁਹਾਡੇ ਮੂੰਹੋਂ ਇਹ ਗੱਲਾਂ ਸੁਣ ਕੇ ਮੈਨੂੰ ਲੱਗ ਰਿਹਾ ਹੈ ਕਿ ਮੈਂ ਆਪਣੇ ਯਤਨ ਵਿਚ ਸਫ਼ਲ ਹੋਇਆ ਹਾਂ ।

**(ਦ੍ਰਿਸ਼ ਪਰਿਵਰਤਨ ਸੰਗੀਤ..........................................ਮੱਧਮ ਪੈਂਦਾ ਹੈ)**

**ਦ੍ਰਿਸ਼:6**

**(ਸ਼ੁਰੂਆਤੀ ਸੰਗੀਤ.......................................... ਮੱਧਮ ਪੈਂਦਾ ਹੈ)**

**ਸਥਾਨ: ਵਰਿੰਦਰ ਅਤੇ ਮੇਘਾ ਦਾ ਘਰ ।**

**ਵਰਿੰਦਰ:** ਦੀਦੀ, ਅੱਜ ਮੈਨੂੰ ਸਰ ਨੇ ਛੁਟੀਆਂ ਬਾਬਤ ਪੁੱਛਿਆ! ਤਾਂ ਮੈਂ ਉਨ੍ਹਾਂ ਨੂੰ ਅਪਾਤਾਨੀ ਲੋਕਾਂ ਬਾਰੇ ਕਹਾਣੀ ਸੁਣਾਈ । ਸਕੂਲ ਵਾਲੇ ਕੁਦਰਤ ਤੇ ਉਸਦੇ ਸਾਧਨਾਂ ਦੀ ਵਰਤੋਂ ਬਾਬਤ ਇਕ ਜਾਗਰੂਕਤਾ ਹਫ਼ਤਾ ਮਨਾ ਰਹੇ ਹਨ।

**ਮੇਘਾ:** ਪਾਪਾ, ਇਸ ਵਿਚ ਸਾਨੂੰ ਸਾਰਿਆਂ ਨੂੰ ਬੁਲਾਇਆ ਹੈ। ਆਖਰੀ ਦਿਨ ਇਕ ਨਾਟਕ ਵੀ ਹੋਵੇਗਾ...!

**(ਦ੍ਰਿਸ਼ ਪਰਿਵਰਤਨ ਸੰਗੀਤ.........................................ਮੱਧਮ ਪੈਂਦਾ ਹੈ)**

**ਦ੍ਰਿਸ਼:7**

**(ਸ਼ੁਰੂਆਤੀ ਸੰਗੀਤ.......................................... ਮੱਧਮ ਪੈਂਦਾ ਹੈ)**

**ਸਥਾਨ: ਸਕੂਲ ਦਾ ਹਾਲ**

**(ਹਾਲ ਵਿਚ ਦਰਸ਼ਕਾਂ ਦਾ ਰੌਲਾ-ਰੱਪਾ, ਮਾਇਕ ਆਦਿ ਦੀ ਟੈਸਟਿੰਗ ਹੋ ਰਹੀ ਹੈ।)**

**ਵਰਿੰਦਰ:** ਲਓ ਪਾਪਾ, ਨਾਟਕ ਸ਼ੁਰੂ ਹੋਣ ਵਾਲਾ ਹੈ। ਐਥੇ ਬੈਠ ਜਾਦੇ ਹਾਂ।

**(ਹਾਲ ਵਿੱਚ ਜਨ ਸਮੂਹ ਦਾ ਸ਼ੋਰ ਤੇਜ਼ ਹੁੰਦਾ ਹੈ।ਪਿੱਛੋਂ ਪ੍ਰੋਗਰਾਮ ਦਾ ਸੁਰੂਆਤੀ ਸੰਗੀਤ ਇਕ ਵਾਰ ਤੇਜ਼ ਹੋ ਕੇ ਰੁਕ ਜਾਂਦਾ ਹੈ ਤੇ ਹਾਲ ਵਿਚ ਸ਼ਾਂਤੀ ਹੋ ਜਾਂਦੀ ਹੈ।)**

**ਔਰਤ ਸੂਤਰਾਧਾਰ:** ਸਾਰਿਆਂ ਦਾ ਸਵਾਗਤ ਹੈ ! ਇਸ ਲਘੂ ਨਾਟਕ "ਕਰੋ ਕੱਲ੍ਹ ਦੀ ਫ਼ਿਕਰ" ਵਿੱਚ ! ਮਿੱਤਰੋ ਲਓ ਆਨੰਦ ਇਸ ਨਾਟਕ ਦਾ।

**(ਦ੍ਰਿਸ਼ ਪਰਿਵਰਤਨ ਸੰਗੀਤ..........................................ਮੱਧਮ ਪੈਂਦਾ ਹੈ )**

**(ਪਿੱਠ ਭੂਮੀ ਵਿਚ ਵੱਜਦੇ ਹਲਕੇ ਸੰਗੀਤ ਦੇ ਨਾਲ ਇਕ ਪਾਤਰ ਪ੍ਰਵੇਸ਼ ਕਰਦਾ ਹੈ।)**

**ਪੁਰਸ਼ ਸੂਤਰਧਾਰ:**(ਗਾਉਂਦੇ ਹੋਏ)

ਮੈਂ ਸ੍ਰਿਸਟੀ ਦਾ ਸਭ ਤੋਂ ਵਿਕਸਿਤ ਪ੍ਰਾਣੀ, ਮੈਂ ਸਭ ਤੋਂ ਬਲਵਾਨ, ਮੈਂ ਸਭ ਤੋਂ ਬਲਵਾਨ,
ਧਰਤੀ ਮੇਰੀ, ਸਾਗਰ ਮੇਰਾ, ਮਾਰੂਥਲ ਵੀ ਮੇਰਾ, ਮੇਰਾ ਹੈ ਅਸਮਾਨ,
ਮੈਂ ਹਾਂ ਮਰਜ਼ੀ ਦਾ ਮਾਲਕ, ਚਲਦਾ ਮੇਰਾ ਫੁਰਮਾਨ ! ਮੈਂ ਸਭ ਤੋਂ ਬਲਵਾਨ...2

**ਔਰਤ ਸੂਤਰਧਾਰ ਦੀ ਆਵਾਜ਼:** ਨਾ ਮਾਰ ਫੁਕਰੀਆਂ! ਨਾ ਕਰ ਐਨਾ ਗੁਮਾਨ !

**ਪੁਰਸ਼ ਸੂਤਰਧਾਰ ਦੀ ਆਵਾਜ਼:**ਕਿਉਂ? ਕਿਉਂ ਨਾ ਕਰਾਂ ਮੈਂ ਗੁਮਾਨ? ਪੈਂਦਾ ਹਾਂ ਮੈਂ ਸਭ 'ਤੇ ਭਾਰੀ, ਸਭ ਤੋਂ ਹਾਂ ਮੈਂ ਬਲਵਾਨ...2

**ਔਰਤ ਸੂਤਰਧਾਰ ਦੀ ਆਵਾਜ਼:** ਓ ਮੂਰਖਾ ! ਹੈਂ ਤੂੰ ਤਾਂ ਅਜੇ ਵੀ ਨਾਦਾਨ!

**ਪੁਰਸ਼ ਸੂਤਰਧਾਰ ਦੀ ਆਵਾਜ਼:** ਕੌਣ... ਕੌਣ...?

**(ਤਰ੍ਹਾਂ-ਤਰ੍ਹਾਂ ਦੇ ਜਾਨਵਰਾਂ ਦੀਆਂ ਅਵਾਜ਼ਾਂ ਤੇਜ਼ ਹੋ ਕੇ ਪਿਛੋਕੜ ਵਿਚ ਜਾਂਦੀਆਂ ਹਨ।)**

**ਪੁਰਸ਼ ਸੁਰ:** ਓ..... ਓਏ ਕੌਣ.... ਕੌਣ ਹੋ ਤੁਸੀਂ? ਇੰਨੇ ਸਾਰੇ ਲੱਖਾਂ ਕਰੋੜਾਂ ਦੀ ਗਿਣਤੀ ਵਿਚ...ਹਾਏ! ਕੌਣ ? ਕੌਣ......?

**ਔਰਤ ਸੂਤਰਧਾਰਸੁਰ :** ਓ ਇਸ ਧਰਤੀ ਦੇ ਲੋਕੋ, ਸੁਣ ਸਕਦੇ ਹੋ ਤਾਂ ਸੁਣੋ ਕਹਾਣੀ !

ਚਲੇ ਗਏ ਦੁਨੀਆ ਤੋਂ ਅਸੀਂ ਤਾਂ , ਸਾਰੇ ਹਾਣੀ ! ਸਾਰੇ ਹਾਣੀ !
ਰਹਿ ਗਈ ਬੱਸ ਸਾਡੀ ਤਾਂ ਇੱਕ ਕਹਾਣੀ, ਰਹਿ ਗਈ ਬੱਸ ਸਾਡੀ ਤਾਂ ਇੱਕ ਕਹਾਣੀ।

**(ਦੁਖਾਂਤਕ ਸੰਗੀਤ)**

**ਪੁਰਸ਼ ਸੂਤਰਧਾਰ ਸੁਰ**:(ਡਰਿਆ ਹੋਇਆ ਸੁਰ) ਕੌਣ ਨੇ ਇਹ....? ਭਾਰਤੀ ਚੀਤਾ...! ਸਮੁੰਦਰੀ ਜੀਵ...ਰੇਗੀਸਤਾਨੀ ਜੀਵ...!

**ਇਸਤਰੀ ਸੂਤਰਧਾਰ ਸੁਰ**: ਹੁਣ ਅਸੀਂ ਹਾਂ ਨਹੀਂ; ਪਰ ਸੀ ਕਦੇ...ਤੇਰੇ ਹੀ ਵਾਂਗੂ ਅਸੀਂ ਵੀ ਇਸ ਧਰਤੀ ਦੇ ਅਧਿਕਾਰੀ...!

**ਪੁਰਸ਼ ਸੁਰ**: ਮਤਲਬ?

**ਇਸਤਰੀ**: ਮਤਲਬ ਤੇਰੀਆਂ ਕਰਤੂਤਾਂ ਨੇ ਕਰ ਦਿੱਤਾ ਸਾਨੂੰ ਖਤਮ !

**ਪੁਰਸ਼**: ਮੇਰੀ ਕਰਤੂਤ ?

**(ਜਾਨਵਰਾਂ ਦੀਆਂ ਆਵਾਜ਼ਾਂ ਇਕ ਵਾਰ ਤੇਜ਼ ਹੋ ਕੇ ਪਿਛੋਕੜ ਵਿਚ ਜਾਂਦੀਆਂ ਹਨ।)**

**ਇਸਤਰੀ**: ਅਸੀਂ.... ਅਸੀਂ ਹਾਂ ਉਨ੍ਹਾਂ ਪ੍ਰਜਾਤੀਆਂ ਦੇ ਨੁਮਾਇੰਦੇ, ਹੋ ਗਈਆਂ ਅਲੋਪ ਜੋ... ਤੇਰੇ ਕਾਰਨ ...ਇਹ ਪੌਦੇ... ਇਹ ਜੰਤੂ... ਇਹ ਪੰਛੀ... ਇਹ ਮੱਛੀਆਂ... ਇਹ ਸਮੁੰਦਰੀ ਜੀਵ...!

**ਪੁਰਸ਼**: (ਵਿਅੰਗ ਨਾਲ) ਲਉ ਸੁਣ ਲਉ... ਮੇਰੇ ਕਾਰਨ ਹੋਏ ਨੇ ਅਲੋਪ ਇਹ ! ਭਲਾ ਮੇਰਾ ਇਸ ਵਿਚ ਕੀ ਦੋਸ਼ ? ਮੈਂ ਤਾਂ ਖ਼ੁਦ ਹੀ ਇਕ ਪ੍ਰਜਾਤੀ ਦਾ ਨੁਮਾਇੰਦਾ ਹਾਂ !

**ਇਸਤਰੀ**: ਹਾਂ ਹੈਂ ! ਪਰ, ਤੈਨੂੰ ਮਿਲ ਗਿਆ ਇਸ ਸ਼੍ਰਿਸਟੀ ਦਾ ਸਭ ਤੋਂ ਵਿਕਸਿਤ ਦਿਮਾਗ ! ਤੇ ਉਸ ਦਿਮਾਗ ਦਾ ਸਭ ਤੋਂ ਵਿਕਸਤ ਗੁਣ ...............ਸੋਚ !

**ਪੁਰਸ਼**: (ਹੰਕਾਰ ਭਰੀ ਆਵਾਜ਼) ਤਾਂ ਕੀ ਐ ਬੁਰਾਈ ਇਸ ਵਿੱਚ ?

**ਇਸਤਰੀ**: ਹੈ ਬੁਰਾਈ! ਇਹ ਸੋਚ ਕੁਦਰਤ ਦੀ ਹਕੀਕਤ ਨੂੰ ਭੁੱਲ ਕੇ ਸਵਾਰਥ, ਲੋਭ, ਬਾਹੂ-ਬਲ, ਜੁਰਮ, ਸੱਤਾ ਦੀ ਦੁਰਵਰਤੋਂ ਵਰਗੀਆਂ ਬੁਰਾਈਆਂ ਵੱਲ ਚਲੀ ਗਈ !

**ਪੁਰਸ਼ ਸੁਰ**: ਖੁੱਲ੍ਹ ਕੇ ਦੱਸੋ ਕਿ ਪ੍ਰਜਾਤੀਆਂ ਦੇ ਅਲੋਪ ਹੋਣ ਵਿਚ ਮੇਰੀ ਕੀ ਹੈ ਭੂਮਿਕਾ ?

**ਇਸਤਰੀ**: ਕੁਦਰਤੀ ਸਾਧਨਾਂ ਨੂੰ ਆਪਣੇ ਲਾਲਚ ਵਾਸਤੇ , ਮੁਨਾਫੇ ਤੇ ਭੋਗ ਵਿਲਾਸ ਵਾਸਤੇ ਅਰਬਾਂ ਜੀਵਾਂ ਤੇ ਮਨੁਖਾਂ ਕੋਲੋਂ ਖੋਹ ਕੇ ਕਰ ਲਿਆ ਮੁੱਠੀ ਭਰ ਨੇ ਕਬਜੇ ਵਿੱਚ ! ਲਾ ਲਿਆ ਆਢਾ ਕੁਦਰਤ ਦੇ ਨਾਲ !

**ਪੁਰਸ਼**: ਉਹ ਕਿਵੇਂ?

**ਇਸਤਰੀ**: ਤੁਸੀਂ ਜੰਗਲ ਕੱਟੇ, ਸ਼ਹਿਰਾਂ ਲਈ ਹਰੀ-ਭਰੀ ਧਰਤੀ ਨੂੰ ਬੰਜਰ ਬਣਾ ਕੇ ਕੰਕਰੀਟ ਦੇ ਜੰਗਲ ਖੜ੍ਹੇ ਕਰ ਦਿੱਤੇ...!

**ਪੁਰਸ਼**: ਪਰ......

**ਇਸਤਰੀ**:(ਗੱਲ ਕੱਟ ਕੇ): ਜੰਗਲਾਂ ਵਿਚ ਅੱਗ ਲਗਾਈ, ਧਰਤੀ ਪੁੱਟ ਕੇ ਖਣਿਜ ਕੱਢੇ।ਮੱਛੀ ਫੜਨ ਦੇ ਲਈ ਟ੍ਰੋਲਿੰਗ ਕੀਤੀ...!

**(ਜੀਵਾਂ ਦੀਆਂ ਆਵਾਜ਼ਾਂ ਦਾ ਕੋਲਾਜ਼ ਤੇਜ਼ ਹੋ ਕੇ ਪਿੱਠਭੂਮੀ ਵਿਚ ਚਲਾ ਜਾਂਦਾ ਹੈ।)**

**ਪੁਰਸ਼**: (ਜ਼ੋਰ ਦੇ ਕੇ): ਪਰ, ਤੁਹਾਡੇ ਅਲੋਪ ਹੋਣ ਨਾਲ ਕੀ ਸਬੰਧ ?

**ਇਸਤਰੀ ਸੁਰ**: (ਜ਼ੋਰ ਦੇਕੇ): ਸਬੰਧ ਹੈ ! ਇਨ੍ਹਾਂ ਕਰਤੂਤਾਂ ਨਾਲ ਤੁਸੀਂ ਲੱਖਾਂ ਪ੍ਰਕਾਰ ਦੇ ਪੇੜ-ਪੌਦੇ, ਜੀਵ-ਜੰਤੂ, ਜੀਵਾਣੂ ਤੇ ਇਕ ਕੋਸ਼ਕਾ ਵਾਲੇ ਪ੍ਰਾਣੀਆਂ ਦਾ ਰੈਣ - ਬਸੇਰਾ ਕਰ ਦਿੱਤਾ ਖ਼ਤਮ !

**(ਜੀਵਾਂ ਦੀਆਂ ਆਵਾਜ਼ਾਂ ਦਾ ਕੋਲਾਜ਼ ਮੁੱਖ ਹੋ ਕੇ ਪਿੱਠਭੂਮੀ ਵਿਚ ਚਲਾ ਜਾਂਦਾ ਹੈ।)**

**ਪੁਰਸ਼**: ਪਰ, ਇਹ ਤਾਂ ਹੈ ਮੇਰੀ ਮਜ਼ਬੂਰੀ...!

**ਇਕ ਯੁਵਕ ਦਾ ਤੇਜ਼ ਸੁਰ**:ਵਾਹ!ਜਾਨਵਰਾਂ ਦਾ ਸ਼ਿਕਾਰ ਮਜ਼ਬੂਰੀ...ਬਾਘ ਕੀਤੇ ਜਾ ਰਹੇ ਦੁਨੀਆ ਤੋਂ ਵਿਦਾ ਤੂੰ ਕਹਿੰਦਾ ਏਂ

ਮਜ਼ਬੂਰੀ।

**ਕਈ ਇਸਤਰੀ, ਪੁਰਸ਼ ਸੁਰਾਂ ਦਾ ਮੇਲ:**

ਮੂਰਖ ਮਨੁੱਖ ਨਾਲ ਸਾਡੇ ਰਹਿਣਾ ਸਿੱਖ, ਅਸੀਂ ਨਾ ਰਹੇ ਜੇ ਤਾਂ ਤੂੰ ਵੀ ਨਹੀਂ ਰਹੇਗਾ,
ਸਾਨੂੰ ਬਚਾ ਕੇ ਜਿਊਣਾ ਸਿੱਖ।

**(ਜੀਵਾਂ ਦੀਆਂ ਆਵਾਜ਼ਾਂ ਦਾ ਕੋਲਾਜ਼ ਤੇਜ਼ ਹੋ ਕੇ ਪਿੱਠਭੂਮੀ ਵਿਚ ਚਲਾ ਜਾਂਦਾ ਹੈ।)**

**ਪੁਰਸ਼ (ਵਿਅੰਗ ਨਾਲ):** ਅਸੀਂ ਜੰਗਲੀ ਬਣੇ ਰਹਿੰਦੇ...? ਨਾ ਸਮਾਜ ਬਣਾਉਂਦੇ, ਨਾ ਬਸਤੀਆਂ ਵਸਾਉਂਦੇ ! ਨਾ ਉਦਯੋਗ ਲਗਾਉਂਦੇ, ਕੁਦਰਤ ਦੇ ਰਹਿਮੋ-ਕਰਮ 'ਤੇ ਰਹਿੰਦੇ ਫਿਰ ਠੀਕ ਸੀ ! ਇਹੀ ਨਾ? ਕਿਹੋ ਜਿਹਾ ਤਰਕ ਹੈ! (ਹੱਸਦਾ ਹੈ।)

**ਇਕ ਹੋਰ ਇਸਤਰੀ ਦਾ ਗੂੰਜਦਾ ਸੁਰ:** ਕੁਦਰਤ ਨਾਲ ਇਕਸੁਰਤਾ ਵਿੱਚ ਰਹਿਣਾ ਸਿੱਖ...! ਕੁਦਰਤ ਨੂੰ ਖ਼ਤਮ ਕਰਕੇ ਕਿੰਨੇ ਦਿਨ ਚਲੇਗਾ ਤੇਰਾ ਇਹ ਜੀਵਣ...... !

**ਪੁਰਸ਼:** ਓ, ਤੂੰ ਕੌਣ?

**ਇੱਕ ਪੁਰਸ ਦਾ ਸੁਰ:** (ਤੇਜ਼ ਆਵਾਜ਼ ਵਿਚ) ਰੁੱਖਾਂ ਦੇ ਨੁਮਾਇੰਦੇ !

**ਪੁਰਸ਼:** ਓਹੋ ਵਣ ਦੇਵਤਾ... (ਵਿਅੰਗ ਨਾਲ)... ਕਹੋ... ਕੀ ਹੈ ਤਕਲੀਫ਼ ਤੁਹਾਨੂੰ ਸਾਡੇ ਸੁੱਖ-ਚੈਨ ਨਾਲ ?

**ਵਣ ਦੇਵਤਾ:** ਹਾਂ ਹੈ ! ਮੈਂ ਤੁਹਾਨੂੰ ਪਾਲਿਆ, ਤੁਹਾਡੀ ਰੱਖਿਆ ਕੀਤੀ, ਤੁਸੀਂ ਜਦੋਂ ਵੀ, ਜੋ ਵੀ ਮੰਗਿਆ ਮੈਂ ਦਿੱਤਾ। ਫਲ, ਸ਼ਹਿਦ, ਲੱਕੜ, ਗੂੰਦ, ਬਰੋਜੇ, ਪੱਤੇ ! ਪਰ ਤੁਹਾਡੀਆਂ ਮੰਗਾਂ ਤੇ ਲਾਲਚ ! ਖਤਮ ਹੀ ਨਹੀਂ ਹੁੰਦੇ ! ਤੂੰ ਤਾਂ ਸਾਨੂੰ ਹੀ ਉਜਾੜ ਦਿੱਤਾ ! ਸਾਡੀ ਵੀ ਸੀਮਾ ਹੈ। ਅਸੀਂ ਖ਼ਤਮ ਹੁੰਦੇ ਜਾ ਰਹੇ ਹਾਂ ਤੁਹਾਡੇ ਆਰਿਆਂ ਨਾਲ !

**ਪੁਰਸ਼:** ਪਰ, ਲੱਕੜ ਦੀ ਲੋੜ ?

**ਵਣ ਦੇਵਤਾ:** ਤੁਹਾਡੀ ਲੋੜ ? ਸਾਡੀ ਲੋੜ ਬਾਰੇ ਸੋਚਿਆ ਕਦੇ ? ਜਦੋਂ ਅਸੀਂ ਨਹੀਂ ਰਹਾਂਗੇ ਤਾਂ...!

**ਪੁਰਸ਼:** ਪਰ !

**ਵਣ ਦੇਵਤਾ:** ਕੋਈ ਪਰ-ਪੁਰ ਨਹੀਂ.... ਕੰਨ ਖੋਲ੍ਹ ਕੇ ਸੁਣ... ਆਪਣਾ ਵਿਨਾਸ਼ ਰੋਕਣਾ ਹੈ ਤਾਂ ਸਾਡਾ ਵਿਨਾਸ਼ ਰੋਕ। ਨਹੀਂ ਤਾਂ ਪਛਤਾਏਂਗਾ, ਖ਼ਤਮ ਹੋ ਜਾਏਂਗਾ ਤੂੰ... ਖ਼ਤਮ ਹੋ ਜਾਏਂਗਾ... ਤੂੰ...

**(ਆਖਰੀ ਸ਼ਬਦ ਸੁਣਦੇ ਹੁੰਦੇ ਰਹਿੰਦੇ ਹਨ)**

**ਇਕ ਬੱਚੀ ਦਾ ਸੁਰ:** ਕਿਥੇ ਹੈ ਮਨੁੱਖ...? ਸਾਹਮਣੇ ਤਾਂ ਆ !

**ਪੁਰਸ਼:** ਕੌਣ ਹੈਂ ਤੂੰ ?

**ਬੱਚੀ:** (ਤੇਜ਼ ਆਵਾਜ਼ ਵਿਚ): ਸਮੁੰਦਰੀ ਜੀਵਾਂ ਦੀ ਪ੍ਰਤੀਨਿਧ...!

**ਪੁਰਸ਼:** (ਵਿਅੰਗ ਨਾਲ) ਅੱਛਾ! ਤਾਂ ਕੀ ਸਮੁੰਦਰਾਂ ਵਿਚੋਂ ਮੱਛੀਆਂ ਫੜਨਾ ਵੀ ਗੁਨਾਹ ਹੋ ਗਿਆ... ਹੱਦ ਆ...

**ਬੱਚੀ:** ਹੱਦਾਂ ਤਾਂ ਤੂੰ ਕੀਤੀ ਐ...!

**ਪੁਰਸ਼:** ਅੱਗੇ ਬੋਲ...!

**ਬੱਚੀ:** ਮੱਛੀਆਂ ਫੜਨ ਲਈ ਕਰਦਾ ਏਂ ਵਿਸਫੋਟ, ਮਿਲਾਉਂਦਾ ਏਂ ਜ਼ਹਿਰ,ਕਿੰਨਾ ਹੁੰਦਾ ਹੈ ਸਾਡਾ ਨੁਕਸਾਨ ! ਪਤਾ ਹੈ ਤੈਨੂੰ ?

(ਤੇਜ਼ ਹਵਾ ਦਾ ਧੁਨੀ ਸੰਕੇਤ , ਮੱਧਮ ਹੁੰਦਾ ਹੈ ਬਾਅਦ ਵਿਚ ਚਿੜੀਆਂ ਦਾ ਚਹਿਕਣਾ !)

**ਪੁਰਸ਼:** ਤੁਸੀਂ ਕੌਣ ਆ ਗਏ ਹੁਣ ?

**ਇਸਤਰੀ ਸੁਰ:** ਕੁਦਰਤ ਹਾਂ ਮੈਂ... ਕੁਦਰਤ।

**ਪੁਰਸ਼:** ਕੁਦਰਤ ਦੇਵੀ ? ਕੀ ਹੁਣ ਮੈਂ ਤੁਹਾਡਾ ਵੀ ਅਪਰਾਧੀ ਹੋ ਗਿਆ? ਕੀ ਜੀਵਣ ਦੀ ਸਹੂਲੀਅਤ ਵਾਸਤੇ ਕੀਤੇ ਵਿਕਾਸ ਦੇ ਲਈ ਵੀ ਮੈਂ ਹੀ ਦੋਸ਼ੀ ਠਹਿਰਾਇਆ ਜਾਵਾਂਗਾ ?

**ਇਸਤਰੀ ਸੁਰ:** ਅੱਛਾ ! ਵਿਕਾਸ ਦੀ ਓਟ ! ਆਪਣੇ ਬੁਰੇ ਕਰਮਾਂ ਤੋਂ ਛੁਟਕਾਰੇ ਵਾਸਤੇ ! ਇਹ ਵਿਕਾਸ ਹੈ ਜਾਂ ਵਿਨਾਸ਼ ?

**ਪੁਰਸ਼:(ਖਿੱਝ ਕੇ):** ਤਾਂ ਕੀ ਆਦਿਕਾਲ ਮਾਨਵ ਬਣ ਜਾਵਾਂ? ਬੈਲਗੱਡੀ 'ਤੇ ਚੱਲਣ ਲੱਗਾਂ ?

**ਇਸਤਰੀ ਸੁਰ:** ਬੈਲਗੱਡੀ ਛੱਡ, ਪੈਂਦਲ ਚੱਲਣਾ ਪਏਗਾ !

**ਪੁਰਸ਼:** ਪਰ....

**ਇਸਤਰੀ ਸੁਰ:** ਪਰ ਕੀ ! ਮੇਰੀ ਅਦਾਲਤ ਵਿਚ ਕੋਈ ਮਾਫ਼ੀ ਨਹੀਂ ।ਸਾਰੇ ਮਨੁੱਖਾਂ ਨੂੰ ਚੇਤਾਵਨੀ ਹੈ ਕਿ ਸੁਧਰ ਜਾਉ, ਮੇਰੇ ਨਾਲ ਇਕਸੁਰਤਾ ਵਿੱਚ ਜਿਉਣਾ ਸਿੱਖੋ ਨਹੀਂ ਤਾਂ ਇਕ ਦਿਨ ਖਤਮ ਹੋ ਜਾਵੇਗੀ ਇਹ ਮਨੁੱਖੀ ਸੱਭਿਅਤਾ ਹੀ!

**ਪੁਰਸ਼:** (ਹੈਰਾਨੀ ਨਾਲ):ਕੀ? ਐਨਾ ਵੱਡਾ ਸਰਾਪ ਕੁਦਰਤ ਦੇਵੀ ! (ਗਿੜਗਿੜਾਉਂਦੇ ਹੋਏ) ਤੂੰ ਤਾਂ ਸਾਡੇ ਸਾਰਿਆਂ ਦੀ ਮਾਂ ਏਂ...

**ਇਸਤਰੀ ਸੁਰ:** ਮੈਂ ਮਾਂ ਹਾਂ ਤਾਂ ਮਾਂ ਨੂੰ ਨਾ ਮਾਰ ! ਇਸਦੀ ਫ਼ਿਕਰ ਕਰ... ਨਹੀਂ ਤਾਂ....

**(ਆਖਰੀ ਸ਼ਬਦ ਪ੍ਰਤੀਧੁਨਿਤ ਹੁੰਦਾ ਰਹਿੰਦਾ ਹੈ।)**

**ਪੁਰਸ਼:** (ਦੁਖੀ ਸੁਰ): ਓਹੋ... ਓਹੋ... ਕੀ ਕਰਾਂ ? ਮੈਂ... ਮੈਂ ਸੱਚ-ਮੁੱਚ ਗੁਨਾਹਗਾਰ ਹਾਂ...! ਕੀ ਇਕ ਦਿਨ ਮਨੁੱਖੀ ਸੱਭਿਅਤਾ ਸੱਚ - ਮੁੱਚ ਖਤਮ ਹੋ ਜਾਏਗੀ ? ਕੀ ਹੈ ਉਪਾਅ ਇਸਦੇ ਬਚਾਓ ਦਾ ?

**(ਫੁਟ-ਫੁਟ ਕੇ ਰੋਂਦਾ ਹੈ)**

**(ਮੇਘਾ ਤੇ ਵਰਿੰਦਰ ਮੰਚ 'ਤੇ ਆਉਂਦੇ ਹਨ।)**

**ਮੇਘਾ ਤੇ ਵਰਿੰਦਰ:** (ਇਕੱਠੇ ਬੋਲਦੇ ਹਨ): ਹਾਂ ਹੈ ਬਚਾਓ !

**ਪੁਰਸ਼:** ਕੌਣ...ਕੌਣ ਹੋ ਤੁਸੀਂ ?

**ਦੋਵੇਂ:** ਕੁਦਰਤ ਦੇ ਦੋਸਤ ! ਮਨੁੱਖ ਨੇ ਕੁਦਰਤ ਦਾ ਸੰਤੁਲਨ ਵਿਗਾੜ ਦਿੱਤਾ। ਲੋੜੋਂ ਵੱਧ ਰੁੱਖਾਂ ਤੇ ਫੇਰ ਦਿੱਤਾ ਕੁਹਾੜਾ !

**ਮੇਘਾ:** ਹਾਂ! ਇੱਕ ਨੂੰ ਕੱਟੋ ਤਾਂ ਨਵੇਂ ਲਗਾਓ ਦੋ !

**ਵਿਵੇਕ ਤੇ ਮੇਘਾ, ਅਤੇ ਮਨੁੱਖ ਬਣੇ ਪਾਤਰ ਤੋਂ ਬਿਨਾਂ ਸਾਰੇ ਪਾਤਰ:**

ਕੱਲ੍ਹ ਅਸੀਂ ਨਹੀਂ ਰਹਾਂਗੇ ਤਾਂ, ਸੋਚੋ ! ਕੀ ਹੋਵੇਗਾ ਦੁਨੀਆ ਦਾ।
ਕੱਲ੍ਹ ਅਸੀਂ ਨਹੀਂ ਰਹਾਂਗੇ ਤਾਂ, ਨਹੀਂ ਬਚੇਗਾ ਇਸ ਧਰਤ 'ਤੇ ਜੀਵਨ,

**(ਆਖਰੀ ਲਾਈਨ ਪ੍ਰਤੀਧੁਨਿਤ ਹੁੰਦੀ ਰਹਿੰਦੀ ਹੈ)**

**ਮੇਘਾ, ਵਿਵੇਕ ਅਤੇ ਮਨੁੱਖ ਬਣੇ ਪਾਤਰ (ਵਾਰੀ-ਵਾਰੀ):**

ਗੱਲ ਤੁਹਾਡੀ ਸਮਝ ਗਏ ਹਾਂ ਅਸੀਂ, ਕਰਦੇ ਹਾਂ ਅਸੀਂ ਸਭ ਨਾਲ ਵਾਅਦਾ।
ਜ਼ਿਮੇਵਾਰੀ ਸਮਝ ਗਏ ਹਾਂ ਅਸੀਂ , ਸਾਰਿਆਂ ਨੇ ਅਸੀਂ ਹੈ ਕੀਤਾ ਇਰਾਦਾ।
ਜਿੰਨਾਂ ਕੁਦਰਤ ਤੋਂ ਲਵਾਂਗੇ ਅਸੀਂ, ਉਨਾਂ ਹੀ ਵਾਪਸ ਪ੍ਰਤਾਵਾਂਗੇ ਅਸੀਂ !

ਮੁੜ ਭਰਨ ਦਾ ਮੌਕਾ ਦੇਵਾਂਗੇ, ਇਹ ਸੰਤੁਲਨ ਬਣਾਵਾਂਗੇ ਅਸੀਂ,
ਵਾਅਦਾ ਕੀਤਾ ਨਿਭਾਵਾਂਗੇ ਅਸੀਂ, ਵਾਅਦਾ ਕੀਤਾ ਨਿਭਾਵਾਂਗੇ ਅਸੀਂ।

**(ਆਖਰੀ ਪੰਕਤੀ ਪ੍ਰਤੀਧੁਨੀ ਹੁੰਦਾ ਰਹਿੰਦੀ ਹੈ)**

**(ਦਰਸ਼ਕਾਂ ਦੀਆਂ ਤਾਲੀਆਂ )**